# ਪੱਛਮੀ ਬੰਗਾਲ ਵਿਚ ਰਾਸ਼ਨ ਦੀਆਂ ਦੁਕਾਨਾਂ ਤੇ ਹਮਲੇ

ਖ਼ਬਰਾਂ ਹਨ ਕਿ ਪਿਛਲੇ ਕੁਝ ਹਫਤਿਆਂ ਵਿਚ ਪੱਛਮੀ ਬੰਗਾਲ ਦੇ ਅਠਾਰਾਂ ਜ਼ਿਲਿਆਂ ਵਿਚੋਂ ਦਸਾਂ ਵਿਚ ਲੋਕਾਂ ਨੇ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ ਉੱਤੇ, ਉਨ੍ਹਾਂ ਵਿਚ ਲੋੜੀਂਦੇ ਸਮਾਨ ਦੀ ਕਿੱਲਤ ਹੋਣ ਕਰਕੇ, ਕਈ ਹਮਲੇ ਕੀਤੇ ਹਨ ਅਤੇ ਕਿਹਾ ਜਾਂਦਾ ਹੈ ਕਿ ਇਹ ਹਮਲੇ ਹੁਣ ਹੋਰਨਾਂ ਜ਼ਿਲਿਆਂ ਵਿਚ ਵੀ ਫੈਲ ਰਹੇ ਹਨ।

ਦੱਸਿਆ ਜਾਂਦਾ ਹੈ ਕਿ ਰਾਸ਼ਨ ਦੀਆਂ ਦੁਕਾਨਾਂ ਨੂੰ ਚਲਾਉਣ ਵਾਲੇ ਅਕਸਰ ਰਾਸ਼ਨ ਦਾ ਸਮਾਨ ਹੋਰ ਵਪਾਰੀਆਂ ਨੂੰ ਵੇਚ ਦਿੰਦੇ ਹਨ ਅਤੇ ਲੋਕਾਂ ਨੂੰ ਦੁਕਾਨਾਂ ਖ਼ਾਲੀ ਮਿਲਦੀਆਂ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਰਾਸ਼ਨ ਦੀਆਂ ਦੁਕਾਨਾਂ ਚਲਾਉਣ ਵਾਲੇ ਜ਼ਿਆਦਾਤਰ ਸੀ.ਪੀ.ਆਈ(ਐਮ) ਦੇ ਕਾਰਕੁੰਨ ਜਾਂ ਮੈਂਬਰ ਹਨ। ਬਰਦਵਾਨ, ਬੰਕੁਰਾ ਅਤੇ ਬੀਰਭੂਮ ਦੇ ਜ਼ਿਲਿਆਂ ਤੋਂ ਸ਼ੁਰੂ ਹੋ ਕੇ ਇਹ ਲਹਿਰ ਹੋਰਨਾਂ ਜ਼ਿਲਿਆਂ ਵਿਚ ਪਹੁੰਚ ਗਈ ਹੈ। ਬੰਕੁਰਾ ਜ਼ਿਲ੍ਹੇ ਵਿਚ ਲੋਕਾਂ ਦੀ ਇਕ ਭੀੜ ਨੇ ਉਥੋਂ ਦੇ ਸੀ.ਪੀ.ਆਈ.(ਐਮ) ਦੇ ਲੀਡਰ ਪੋਬੀਤਰ ਮੰਡਲ ਦੀ ਮਾਰ ਕੁਟਾਈ ਵੀ ਕੀਤੀ ਜੋ ਕਿ ਉਨ੍ਹਾਂ ਨੂੰ ਰਾਸ਼ਨ ਦੀ ਖ਼ਾਲੀ ਦੁਕਾਨ ਦੇ ਮੋਹਰੇ ਲੈਕਚਰ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਪੁਲੀਸ ਨੇ ਉਥੇ ਗੋਲੀ ਚਲਾਈ ਜਿਸ ਵਿਚ ਕਈ ਲੋਕ ਫੱਟੜ ਵੀ ਹੋ ਗਏ ਹਨ। ਇਸ ਦੇ ਬਾਅਦ ਲੋਕਾਂ ਨੇ ਸੈਂਕੜੇ ਹੀ ਰਾਸ਼ਨ ਦੀਆਂ ਦੁਕਾਨਾਂ ਤੇ ਹਮਲੇ ਕੀਤੇ। ਬਹੁਤੀਆਂ ਥਾਂਵਾਂ ਤੇ ਲੋਕਾਂ ਦੇ ਗੁੱਸੇ ਦੇ ਸ਼ਿਕਾਰ ਸੀਪੀਆਈ (ਐਮ) ਦੇ ਲੀਡਰ ਵੀ ਬਣੇ ਹਨ। ਲੋਕਾਂ ਦੀ ਸ਼ਿਕਾਇਤ ਹੈ ਕਿ ਇਹ ਲੀਡਰ ਵੀ ਹੋਰਨਾਂ ਲੀਡਰਾਂ ਵਾਂਗ ਸਿਰਫ਼ ਵਾਅਦੇ ਹੀ ਕਰਦੇ ਆਏ ਹਨ ਅਤੇ ਪਿਛਲੇ ੩੦ ਸਾਲਾਂ ਵਿਚ ਲਗਾਤਾਰ ਤਾਕਤ ਵਿਚ ਰਹਿਣ ਦੇ ਬਾਵਜੂਦ ਵੀ ਲੋਕਾਂ ਦੀਆਂ ਬੁਨਿਆਦੀ ਲੋੜਾਂ ਵੱਲ ਕੋਈ ਧਿਆਨ ਨਹੀਂ ਦਿੰਦੇ।

ਪੱਛਮੀ ਬੰਗਾਲ ਦੇ ਲੋਕਾਂ ਦਾ ਪਿਛਲੇ ੩੦ ਸਾਲ ਦਾ ਤਜਰਬਾ ਸਾਫ਼ ਦੱਸਦਾ ਹੈ ਕਿ ਇਹ ਪਾਰਟੀ ਰਾਜ ਦੀ ਪ੍ਰਣਾਲੀ ਲੋਕਾਂ ਨੂੰ ਸਿਰਫ਼ ਇਕ ਵੋਟ ਪਾਉਣ ਦੇ ਇੱਜੜ ਹੀ ਬਣਾਈ ਰਖਦੀ ਹੈ ਅਤੇ ਚੋਣਾਂ ਹੋਣ ਦੇ ਬਾਅਦ ਲੋਕਾਂ ਦੇ ਹੱਥ ਵਿਚ ਕੋਈ ਗੱਲ ਨਹੀਂ ਰਹਿੰਦੀ। ਜਿਨ੍ਹਾਂ ਇਲਾਕਿਆਂ ਵਿਚ ਲੋਕਾਂ ਨੇ ਰਾਸ਼ਨ ਦੀਆਂ ਦੁਕਾਨਾਂ ਤੇ ਹਮਲੇ ਸ਼ੁਰੂ ਕੀਤੇ ਹਨ ਉਹ ਇਲਾਕੇ ਸੀ ਪੀ ਆਈ(ਐਮ) ਦੇ ਗੜ੍ਹ ਕਹੇ ਜਾਂਦੇ ਹਨ। ਇਨ੍ਹਾਂ ਇਲਾਕਿਆਂ ਚੋਂ ਹਮੇਸ਼ਾ ਹੀ ਸੀ ਪੀ ਆਈ(ਐਮ) ਦੇ ਉਮੀਦਵਾਰ ਜਿੱਤਦੇ ਰਹੇ ਹਨ। ਪਰ ਸੀ ਪੀ ਆਈ (ਐਮ) ਦੇ ੩੦ ਸਾਲ ਦੇ ਰਾਜ ਦੇ ਬਾਅਦ ਵੀ ਲੋਕਾਂ ਦੀ ਹਾਲਤ ਬਹੁਤ ਬੁਰੀ ਹੈ। ਬੰਕੁਰਾ ਵਿਚ ਲੋਕ ਜਦੋਂ ਰਾਸ਼ਨ ਦੀ ਦੁਕਾਨ ਤੋਂ ਆਪਣੀ ਲੋੜਾਂ ਦੀਆਂ ਵਸਤਾਂ ਦੀ ਮੰਗ ਕਰ ਰਹੇ ਸੀ ਤਾਂ ਸੀ ਪੀ ਆਈ (ਐਮ) ਦੇ ਮੁਕਾਮੀ ਲੀਡਰ ਨੇ ਉਨ੍ਹਾਂ ਨੂੰ ਹਿੰਦੁਸਤਾਨ ਅਤੇ ਅਮਰੀਕਾ ਦੇ ਐਟਮੀ ਸਮਝੌਤੇ ਦੀ ਨਿਖੇਧੀ ਕਰਨ ਬਾਰੇ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ ਜਿਸ ਦੇ ਨਾਲ ਲੋਕਾਂ ਦਾ ਰੋਹ ਹੋ ਵੀ ਵੱਧ ਗਿਆ। ਲੋਕ ਇਸ ਗੱਲ ਤੋਂ ਬਹੁਤ ਦੁਖੀ ਹਨ ਕਿ ਸਾਰੀਆਂ ਪਾਰਟੀਆਂ ਦੇ ਲੀਡਰ ਉਨ੍ਹਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਲੈਕਚਰ ਜ਼ਿਆਦਾ ਝਾੜਦੇ ਹਨ। ਇਹ ਪਾਰਟੀ-ਰਾਜ ਦੀ ਪ੍ਰਣਾਲੀ ਦੀ ਖ਼ਾਸੀਅਤ ਹੈ। ਚੋਣਾਂ ਵੇਲੇ ਤਾਂ ਲੀਡਰ ਹਰ ਤਰਾਂ ਦੇ ਵਾਅਦੇ ਕਰਦੇ ਹਨ ਪਰ ਚੋਣਾ ਦੇ ਬਾਅਦ ਉਹ ਵਾਅਦੇ ਕੁਝ ਵੀ ਅਰਥ ਨਹੀਂ ਰਖਦੇ। ਇਹ ਭਾਵੇਂ ਕਿਸੇ ਵੀ ਪਾਰਟੀ ਦੇ ਲੀਡਰ ਹੋਣ ਸੱਜੀ ਜਾਂ ਖੱਬੀ।

ਅੱਜ ਦੀ ਲੋੜ ਪਾਰਟੀ ਰਾਜ ਦੀ ਪ੍ਰਣਾਲੀ ਖ਼ਤਮ ਕਰਕੇ ਲੋਕਾਂ ਨੂੰ ਆਪ ਹੀ ਖ਼ੁਦ ਹਾਕਮ ਬਣਨ ਦੀ ਲੋੜ ਹੈ। ਲੋਕ ਆਪਣੀ ਪ੍ਰਭੁਤਾ ਕਿਸੇ ਵੀ ਪਾਰਟੀ ਦੇ ਹੱਥ ਵਿਚ  ਦੇ ਕੇ ਸੁਖੀ ਨਹੀਂ ਹੋ ਸਕਦੇ। ਉਨ੍ਹਾਂ ਨੂੰ ਪਾਰਟੀ ਰਾਜ ਦੀ ਥਾਂ ਪ੍ਰਜਾਰਾਜ, ਭਾਵ ਲੋਕਾਂ ਦਾ ਸਿੱਧਾ ਰਾਜ, ਕਾਇਮ ਕਰਨ ਦੀ ਲੋੜ ਹੈ। ਇਹ ਤਾਰੀਖ਼ੀ ਲੋੜ ਹਿੰਦੁਸਤਾਨ ਦੇ ਹਰ ਪਿੰਡ, ਸ਼ਹਿਰ ਅਤੇ ਪ੍ਰਾਂਤ ਵਿਚ ਨਿਖਰ ਕੇ ਸਾਮ੍ਹਣੇ ਆ ਰਹੀ ਹੈ।